# ਪੁਲਸ ਨੂੰ ਗਵਾਹੀ ਦੇ ਬਿਆਨ ਦੇਣੇ –ਉਪਰੰਤ ਕੀ ਹੋਵੇਗਾ?



CRIMINAL JUSTICE SYSTEM cjs

**ਅਗਾਂਹ ਆਉਣ ਲਈ ਤੁਹਾਡਾ ਧੰਨਵਾਦ। ਅਸੀਂ ਤੁਹਾਡੀ ਮਦਦ ਦੀ ਕਦਰ ਕਰਦੇ ਹਾਂ।**

ਫੌਜ਼ਦਾਰੀ ਨਿਆਂਕਾਰੀ ਵਿਵਸਥਾ ਗਵਾਹੀਆਂ ਤੋਂ ਵਗੈਰ ਕੰਮ ਨਹੀਂ ਕਰ ਸਕਦੀ। ਅਪਰਾਧੀਆਂ ਨੂੰ ਸਜ਼ਾ ਦੇਣ ਵਿਚ ਇਹ ਸਭ ਤੋਂ ਮਹੱਤਵਪੂਰਨ ਤੱਤ ਹਨ।

ਹੁਣ ਤੁਸੀਂ ਬਿਆਨ ਦੇ ਦਿੱਤਾ ਹੈ, ਇਸ ਕਰਕੇ ਤੁਹਾਨੂੰ ਕੋਰਟ ਵਿਚ ਗਵਾਹੀ ਦੇਣ ਲਈ ਕਿਹਾ ਜਾ ਸਕਦਾ ਹੈ।

# ਕੀ ਮੈਂ ਕੁਝ ਹੋਰ ਕਰ ਸਕਦਾ ਹਾਂ?

ਹਾਂ। ਪੁਲਸ ਨੂੰ ਦੱਸਣਾ ਜ਼ਰੂਰੀ ਹੈਂ

- ਜੇ ਤੁਸੀਂ ਆਪਣੇ ਬਿਆਨਾਂ ਵਿਚੋਂ ਕੁਝ ਬਾਹਰ ਰਹਿਣ ਦਿੱਤਾ ਹੈ ਜਾਂ ਇਨ੍ਹਾਂ ਵਿਚ ਕੁਝ ਗਕਤ ਹੈ,
- ਜੇ ਤੁਹਾਡਾ ਪਤਾ ਜਾਂ ਫੋਨ ਨੰਬਰ ਬਦਲ ਜਾਵੇ (ਹਰੇਕ ਦਿਨ ਮੁਕੱਦਮੇ ਖਾਰਜ ਕੀਤੇ ਜਾਂਦੇ ਹਨ ਕਿਉਂਕਿ ਗਵਾਹਾਂ ਨਾਕ ਸਮੇਂ ਸਿਰ ਸੰਪਰਕ ਨਹੀਂ ਕੀਤਾ ਜਾ ਸਕਦਾ), ਅਤੇ
- ਉਹ ਤਰੀਕਾਂ ਜਿਨ੍ਹਾਂ ਤੇ ਤੁਸੀਂ ਕੋਰਟ ਵਿਚ ਹਾਜ਼ਰ ਨਹੀਂ ਹੋ ਸਕਦੇ ਕਿਰਪਾ ਕਰਕੇ ਇਹ ਜਾਣਕਾਰੀ ਤਬਦੀਲ ਹੋਣ ਵੇਕੇ ਹੀ ਇਤਕਾਹ ਦਿਓ। ਮੁਕੱਦਮੇ ਦੀ ਤਰੀਕ ਨਿਯੁਕਤ ਕਰਨ ਵੇਲੇ ਇਸ ਜਾਣਕਾਰੀ ਦੀ ਜ਼ਰੂਰਤ ਹੈ।

# ਕੀ ਸ਼ੱਕੀ ਵਿਅਕਤੀ ('ਮੁੱਦਾਲਾਹ') ਜਾਂ ਬਚਾਅ ਪੱਖ ਦੇ ਵਕੀਲ ਨੂੰ ਮੇਰਾ ਪਤਾ ਦਿੱਤਾ ਜਾਵੇਗਾ?

ਨਹੀਂ, ਤੁਹਾਡਾ ਪਤਾ ਤੁਹਾਡੇ ਗਵਾਹੀ ਦੇ ਬਿਆਨ ਦੇ ਪਿਛਲੇ ਪਾਸੇ ਲਿਖਿਆ ਜਾਂਦਾ ਹੈ ਅਤੇ ਮੁੱਦਾਲਾਹ ਜਾਂ ਉਸ ਦੇ ਵਕੀਲ ਨੂੰ ਕੇਵਲ ਬਿਆਨ ਦੇ ਮੋਹਰਲੇ ਪਾਸੇ ਦੀ ਹੀ ਕਾਪੀ ਦਿੱਤੀ ਜਾਂਦੀ ਹੈ। ਨਾਲ ਹੀ, ਕੋਰਟ ਵਿਚ ਗਵਾਹਾਂ ਤੋਂ ਆਮ ਤੌਰ ਤੇ ਉਚੀ ਦੇਣੀ ਆਪਣਾ ਪਤਾ ਦੱਸਣ ਦੀ ਮੰਗ ਨਹੀਂ ਕੀਤੀ ਜਾਂਦੀ। ਮੁੱਦਾਲਾਹ ਜਾਂ ਉਸ ਦੇ ਵਕੀਲ ਨੂੰ ਆਮ ਤੌਰ ਤੇ ਸਾਰੇ ਗਵਾਹਾਂ ਦੇ ਨਾਂ ਦੱਸੇ ਜਾਂਦੇ ਹਨ।

## ਮੇਰੇ ਬਿਆਨ ਨਾਲ ਕੀ ਕੀਤਾ ਜਾਵੇਗਾ?

ਜੇ ਸ਼ੱਕੀ ਵਿਅਕਤੀ ਨੂੰ ਇਸ ਘਟਨਾ ਦੇ ਸੰਬੰਧ ਵਿਚ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ, ਤਾਂ ਤੁਹਾਡਾ ਬਿਆਨ ਅਤੇ ਬਾਕੀ ਦੀ ਸਾਰੀ ਗਵਾਹੀ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ (Crown Prosecution Service (CPS)) ਨੂੰ ਭੇਜੀ ਜਾਵੇਗੀ। ਇੰਗਲੈਂਡ ਅਤੇ ਵੇਲਜ਼ ਵਿਚ ਜਿਨ੍ਹਾਂ ਵਿਅਕਤੀਆਂ ਨੂੰ ਫੌਜਦਾਰੀ ਜੁਰਮਾਂ ਵਿਚ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ ਉਨ੍ਹਾਂ ਦੇ ਖ਼ਿਲਾਫ ਪੈਰਵੀ ਮੁਕੱਦਮਾ ਚਲਾਉਣ ਲਈ ਸੀ ਪੀ ਐਸ (CPS) ਦੀ ਜ਼ੁੰਮੇਵਾਰੀ ਹੈ। ਭਾਵੇਂ ਇਹ ਦੋਵੇਂ ਨਜ਼ਦੀਕੀ ਹੋ ਕੇ ਕੰਮ ਕਰਦੀਆਂ ਹਨ, ਪੁਲਸ ਅਤੇ ਸੀ ਪੀ ਐਸ ਅਲੱਗ ਸੰਸਥਾਵਾਂ ਹਨ।

## ਮੇਰਾ ਬਿਆਨ ਕੌਣ ਪੜ੍ਹੇਗਾ?

ਇਸ ਮੁਕੱਦਮੇ ਨਾਲ ਸੰਬੰਧਿਤ ਸਾਰੇ ਜਣੇ ਤੁਹਾਡਾ ਬਿਆਨ ਪੜ੍ਹਨਗੇ (ਉਦਾਹਰਨ ਵਜੋਂ ਪੁਲਸ, ਸੀ ਪੀ ਐਸ, ਬਚਾਅ ਪੱਖ ਅਤੇ ਮਾਜਿਸਟਰੇਟ ਜਾਂ ਜੱਜ)।

## ਜੇ ਮੈਨੂੰ ਕੋਈ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕਰੇ ਤਾਂ ਫਿਰ ਕੀ ਹੋਵੇਗਾ?

ਪੁਲਸ ਦੀ ਜਾਂਚ ਪੜਤਾਲ ਕਰਨ ਵਿਚ ਮਦਦ ਕਰ ਰਹੇ ਗਵਾਹ ਜਾਂ ਹੋਰ ਕਿਸੇ ਵਿਅਕਤੀ ਨੂੰ ਧਮਕਾਉਣਾ (ਡਰਾਉਣਾ) ਇਕ ਫੌਜਦਾਰੀ ਅਪਰਾਧ ਹੈ। ਜੇ ਤੁਹਾਨੂੰ ਮੁਕੱਦਮੇ ਤੋਂ ਪਹਿਲਾਂ, ਦੌਰਾਨ, ਜਾਂ ਬਾਅਦ ਵਿਚ ਪ੍ਰੇਸ਼ਾਨ ਜਾਂ ਧਮਕਾਇਆ ਜਾਂਦਾ ਹੈ, ਤਾਂ ਤੁਹਾਨੂੰ ਫੌਰਨ ਪੁਲਸ ਨੂੰ ਦੱਸਣਾ ਚਾਹੀਦਾ ਹੈ।

# ਕੀ ਜੋ ਕੁਝ ਇਸ ਕੇਸ ਵਿਚ ਹੋ ਰਿਹਾ ਹੈ ਉਸ ਬਾਰੇ ਮੈਨੂੰ ਦੱਸਿਆ ਜਾਵੇਗਾ?

ਜੋ ਕੁਝ ਹੋ ਰਿਹਾ ਹੈ ਉਸ ਬਾਰੇ ਜੁਰਮ ਦੇ ਸ਼ਿਕਾਰਾਂ ਅਤੇ ਗਵਾਹਾਂ ਨੂੰ ਜਾਣਕਾਰੀ ਦੇਣ ਲਈ ਪੁਲਸ ਅਤੇ ਸੀ ਪੀ ਐਸ ਆਪਣੀਆਂ ਕਾਰਜਪ੍ਰਣਾਲੀਆਂ ਵਿਚ ਸੁਧਾਰ ਕਰ ਰਹੇ ਹਨ। ਪਰੰਤੂ ਇਸ ਤਰ੍ਹਾਂ ਕਰਨਾ ਹਰੇਕ ਮੁਕੱਦਮੇ ਵਿਚ ਸੰਭਵ ਨਹੀਂ। ਯਾਦ ਰਖੋ, ਜੇ ਤੁਹਾਡੇ ਕੋਲ ਕੋਈ ਸਵਾਲ ਜਾਂ ਤੁਹਾਡੀਆਂ ਚਿੰਤਾਵਾਂ ਹਨ ਤਾਂ ਤੁਸੀਂ ਪੁਲਸ ਨਾਲ ਕਿਸੇ ਵੇਲੇ ਵੀ ਸੰਪਰਕ ਕਰ ਸਕਦੇ ਹੋ। ਸੰਪਰਕ ਲਈ ਵੇਰਵਾ ਇਸ ਪਰਚੇ ਦੇ ਪੰਨਾਂ 9 ਉਪਰ ਦਿੱਤਾ ਗਿਆ ਹੈ।

ਜੇ ਤੁਹਾਡੀ ਕੋਰਟ ਵਿਚ ਹਾਜ਼ਰ ਹੋਣ ਦੀ ਲੋੜ ਹੋਈ ਤਾਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ (ਪਰੰਤੂ ਤੁਹਾਡੇ ਬਿਆਨ ਦੇਣ ਤੋਂ ਬਾਅਦ ਇਹ ਕਾਫੀ ਸਮਾਂ ਬਾਅਦ ਵਿਚ ਹੋ ਸਕਦਾ ਹੈ ਕਿਉਂਕਿ ਮੁਕੱਦਮਿਆਂ ਨੂੰ ਤਿਆਰ ਕਰਨ ਵਿਚ ਕਾਫੀ ਸਮਾਂ ਲਗਦਾ ਹੈ)।

ਆਮ ਤੌਰ ਤੇ ਜੁਰਮ ਦੇ ਸ਼ਿਕਾਰਾਂ ਨੂੰ ਦੱਸਿਆ ਜਾਂਦਾ ਹੈਂ

- ਜੇ ਸ਼ੱਕੀ ਵਿਅਕਤੀ ਨੂੰ ਦੋਸ਼ੀ ਕਰਾਰ ਦਿੱਤਾ ਜਾਵੇ,
- ਜ਼ਮਾਨਤ ਬਾਰੇ ਅਤੇ ਕੋਰਟ ਵਿਚ ਕੀ ਹੁੰਦਾ ਹੈ, ਅਤੇ
- ਜੇ ਕਿਸੇ ਕਾਰਨ ਕਰਕੇ ਮੁਕੱਦਮਾ ਅਗਾਂਹ ਨਾ ਜਾਵੇ।

ਪਰੰਤੂ ਗਵਾਹਾਂ (ਜਿਹੜੇ ਜੁਰਮ ਦੇ ਸ਼ਿਕਾਰ ਨਹੀਂ ਹਨ) ਨਾਲ ਸ਼ਾਇਦ ਦੁਬਾਰਾ ਸੰਪਰਕ ਨਾ ਕੀਤਾ ਜਾਵੇਂ

- ਜੇ ਸ਼ੱਕੀ ਵਿਅਕਤੀ ਜੁਰਮ ਦਾ ਇਕਬਾਲ ਕਰ ਲਵੇ ਅਤੇ ਇਸ ਨੂੰ ਚੇਤਾਵਨੀ ਦਿੱਤੀ ਜਾਵੇ ਜਾਂ ਕੋਰਟ ਵਿਚ ਆਪਣਾ ਕਸੂਰ ਮੰਨ ਲਵੇ,
- ਸ਼ੱਕੀ ਵਿਅਕਤੀ ਖਿਲਾਫ ਪੈਰਵੀ ਮੁਕੱਦਮਾ ਚਲਾਉਣ ਲਈ ਕਾਫੀ ਸਬੂਤ ਨਹੀਂ ਹਨ, ਜਾਂ
- ਕਿਸੇ ਵੀ ਸ਼ੱਕੀ ਵਿਅਕਤੀ ਦੀ ਪਛਾਣ ਨਹੀਂ ਕੀਤੀ ਗਈ।

# ਕੀ ਮੈਨੂੰ ਕੋਰਟ ਜਾਣਾ ਪਵੇਗਾ?

ਤੁਹਾਨੂੰ ਕੋਰਟ ਵਿਚ ਤਾਂ ਹੀ ਜਾਣਾ ਪਵੇਗਾ ਜੇ ਮੁਦਾਲਾ

- ਦੋਸ਼ ਤੋਂ ਇਨਕਾਰ ਕਰੇ ਅਤੇ 'ਨਾ ਕਸੂਰਵਾਰ' ਦੀ ਦਲੀਲ ਪੇਸ਼ ਕਰੇ, ਜਾਂ
- ਆਪਣਾ ਕਸੂਰ ਮੰਨ ਲੈਂਦਾ ਹੈ ਪਰੰਤੂ ਜੁਰਮ ਦੇ ਉਸ ਮਹੱਤਵਪੂਰਨ ਹਿੱਸੇ ਤੋਂ ਇਨਕਾਰੀ ਹੈ ਜਿਸ ਦਾ ਉਸ ਨੂੰ ਦਿੱਤੀ ਜਾਣ ਵਾਲੀ ਸਜ਼ਾ ਉਪਰ ਪ੍ਰਭਾਵ ਪੈ ਸਕਦਾ ਹੈ।

ਜੇ ਤੁਹਾਨੂੰ ਕੋਰਟ ਵਿਚ ਹਾਜ਼ਰ ਹੋਣ ਲਈ ਕਿਹਾ ਜਾਂਦਾ ਹੈ, ਪੈਰਵੀ ਮੁਕੱਦਮਾ ਅਤੇ ਬਚਾਉ ਪੱਖ ਦੇ ਵਕੀਲ ਤੁਹਾਡੇ ਕੋਲੋਂ ਤੁਹਾਡੀ ਗਵਾਹੀ ਬਾਰੇ ਸਵਾਲ ਪੁੱਛਣਗੇ। ਇਸ ਤੋਂ ਪਹਿਲਾਂ ਤੁਹਾਨੂੰ ਯਾਦ ਕਰਾਉਣ ਲਈ ਆਪਣੇ ਬਿਆਨ ਪੜ੍ਹਨ ਦਾ ਮੌਕਾ ਦਿੱਤਾ ਜਾਵੇਗਾ।

ਜੇ ਤੁਸੀਂ ਬਿਆਨ ਦਿੱਤੇ ਹਨ ਅਤੇ ਫਿਰ ਤੁਹਾਨੂੰ ਕੋਰਟ ਵਿਚ ਗਵਾਹੀ ਦੇਣ ਲਈ ਹਾਜ਼ਰ ਹੋਣ ਵਾਸਤੇ ਕਿਹਾ ਜਾਂਦਾ ਹੈ, ਤਾਂ ਤੁਹਾਨੂੰ ਜਾਣਾ ਚਾਹੀਦਾ ਹੈ। ਜੇ ਤੁਹਾਨੂੰ ਕੋਰਟ ਵਿਚ ਜਾਣ ਲਈ ਕਿਹਾ ਗਿਆ, ਤਾਂ ਤੁਹਾਨੂੰ ਇਹ ਭੇਜੇ ਜਾਣਗੇ

- ਇਕ ਚਿੱਠੀ ਜਿਸ ਵਿਚ ਤੁਹਾਨੂੰ ਕਦੋਂ ਅਤੇ ਕਿੱਥੇ ਜਾਣ ਲਈ ਦੱਸਿਆ ਜਾਵੇਗਾ, ਅਤੇ
- ਇਕ ਸਪਸ਼ਟੀਕਰਨ ਦਾ ਪਰਚਾ।

# ਜੇ ਮੈਂ ਕੋਰਟ ਵਿਚ ਹਾਜ਼ਰ ਨਾ ਹੋਵਾਂ ਤਾਂ ਫਿਰ ਕੀ ਹੋਵੇਗਾ?

ਕੋਰਟ ਵਿਚ ਹਾਜ਼ਰ ਹੋਣ ਬਾਰੇ ਜੇ ਤੁਹਾਡੀਆਂ ਕੋਈ ਸਮੱਸਿਆਵਾਂ ਜਾਂ ਚਿੰਤਾਵਾਂ ਹਨ, ਤਾਂ ਤੁਹਾਨੂੰ ਜਿਸ ਵਿਅਕਤੀ ਨੇ ਤੁਹਾਨੂੰ ਕੋਰਟ ਵਿਚ ਹਾਜ਼ਰ ਹੋਣ ਲਈ ਕਿਹਾ ਸੀ ਉਸ ਨੂੰ ਜਲਦੀ ਤੋਂ ਜਲਦੀ ਦੱਸਣਾ ਚਾਹੀਦਾ ਹੈ। ਜੇ ਤੁਹਾਡਾ ਕੋਰਟ ਵਿਚ ਹਾਜ਼ਰ ਹੋਣਾ ਲਾਜ਼ਮੀ ਹੈ ਪਰੰਤੂ ਇਹ ਵਿਸ਼ਵਾਸ਼ ਕਰਨ ਦਾ ਕੋਈ ਕਾਰਨ ਹੈ ਕਿ ਤੁਸੀਂ ਆਪਣੇ ਆਪ ਹਾਜ਼ਰ ਨਹੀਂ ਹੋਵੋਂਗੇ, ਤਾਂ ਤੁਹਾਡੇ ਖ਼ਿਲਾਫ਼ ਕੋਰਟ ਵਿਟਨਸ ਸੰਮਨਜ਼ (witness summons) ਜਾਰੀ ਕਰ ਸਕਦੀ ਹੈ। ਜੇ ਤੁਸੀਂ ਫਿਰ ਵੀ ਚੰਗੇ ਕਾਰਨ ਤੋਂ ਵਗੈਰ ਕੋਰਟ ਵਿਚੋਂ ਗੈਰ ਹਾਜ਼ਰ ਰਹੇ ਤਾਂ ਕੋਰਟ ਤੁਹਾਨੂੰ 'ਅਦਾਲਤ ਦਾ ਅਪਮਾਨ' ਕਰਨ ਲਈ ਤੁਹਾਡੀ ਗ੍ਰਿਫ਼ਤਾਰੀ ਵਾਸਤੇ ਵਾਰੰਟ ਜਾਰੀ ਕਰ ਸਕਦੀ ਹੈ।

# ਮੁਕੱਦਮਾ ਕਿੱਥੇ ਸੁਣਿਆ ਜਾਵੇਗਾ?

ਬਹੁਤੇ ਮੁਕੱਦਮੇ ਮਾਜਿਸਟਰੇਟ ਕੋਰਟ ਵਿਚ ਮਾਜਿਸਟਰੇਟ ਜਾਂ ਡਿਸਟਰਿਕਟ ਜੱਜ ਵਲੋਂ ਸੁਣਦੇ ਹਨ। ਜ਼ਿਆਦਾ ਸੰਗੀਨ ਜੁਰਮਾਂ ਦੇ ਜਿਊਰੀ ਮੁਕੱਦਮੇ ਕਰਾਊਨ ਕੋਰਟ ਵਿਚ ਚਲਾਏ ਜਾਂਦੇ ਹਨ।

# ਕੌਣ ਮਦਦ ਕਰ ਸਕਦਾ ਹੈ?

ਹਰ ਇਕ ਕੋਰਟ ਵਿਚ, ਮੁੱਫਤ ਅਤੇ ਗੁਪਤ ਵਿਟਨਸ ਸਰਵਿਸ (Witness Service), ਵਿਕਟਿਮ ਸਪੋਰਟ (Victim Support) ਵਲੋਂ ਚਲਾਈ ਜਾਂਦੀ ਹੈ ਅਤੇ ਤੁਸੀਂ ਉਨ੍ਹਾਂ ਨਾਲ ਮੁਕੱਦਮੇ ਤੋਂ ਪਹਿਲਾਂ ਸੰਪਰਕ ਕਰ ਸਕਦੇ ਹੋ। ਵਿਟਨਸ ਸਰਵਿਸ ਦੇ ਸਿੱਖਿਆ ਪ੍ਰਾਪਤ ਵਾਲੰਟੀਅਰ ਇਹ ਪੇਸ਼ ਕਰ ਸਕਦੇ ਹਨ

- ਜੋ ਕੁਝ ਕੋਰਟ ਵਿਚ ਹੁੰਦਾ ਹੈ ਉਸ ਬਾਰੇ ਜਾਣਕਾਰੀ,
- ਭਾਵਆਤਮਕ ਸਹਾਰਾ ਅਤੇ ਕੋਈ ਗੁਪਤ ਤੌਰ ਤੇ ਗੱਲ ਬਾਤ ਕਰਨ ਲਈ ਕੋਈ ਵਿਅਕਤੀ,
- ਤੁਹਾਡੀ ਗਵਾਹੀ ਦੇਣ ਵੇਲੇ ਤੁਹਾਡੇ ਨਾਲ ਕੋਰਟ ਅੰਦਰ ਜਾਣ ਲਈ ਕੋਈ ਵਿਅਕਤੀ, ਅਤੇ
- ਜਿਥੇ ਸੰਭਵ ਹੋ ਸਕੇ, ਮੁਕੱਦਮੇ ਤੋਂ ਪਹਿਲਾਂ ਕੋਰਟ ਦੀ ਫੇਰੀ, ਕੋਰਟ ਦਾ ਕਮਰਾ ਦੇਖਣ ਲਈ ਤਾਂ ਕਿ ਤੁਹਾਨੂੰ ਪਤਾ ਲੱਗ ਸਕੇ ਕਿ ਕੋਰਟ ਦਾ ਕਮਰਾ ਕਿਸ ਤਰ੍ਹਾਂ ਦਾ ਹੁੰਦਾ ਹੈ।

ਵਿਟਨਸ ਸਰਵਿਸ ਗਵਾਹੀ ਬਾਰੇ ਵਿਚਾਰ ਵਟਾਂਦਰਾ ਨਹੀਂ ਕਰਦੀ ਜਾਂ ਕਾਨੂੰਨੀ ਸਲਾਹ ਨਹੀਂ ਦਿੰਦੀ।

ਆਪਣੀ ਸਥਾਨਕ ਵਿਟਨਸ ਸਰਵਿਸ ਬਾਰੇ ਜਾਣਕਾਰੀ ਲੈਣ ਲਈ, ਫੋਨ ਬੁੱਕ ਵਿਚ ਮਾਜਿਸਟਰੇਟ ਕੋਰਟ ਜਾਂ ਕਰਾਊਨ ਕੋਰਟ ਦੇ ਨਾਂ ਹੇਠ ਦੇਖੋ। ਜਾਂ, ਤੁਸੀਂ 0845 30 30 900 ਫੋਨ ਕਰ ਸਕਦੇ ਹੋ।

ਗਵਾਹੀ ਦੇਣ ਵੇਲੇ ਨਿਰਬਲ ਜਾਂ ਡਰਾਏ ਜਾਣ ਵਾਲੇ ਗਵਾਹਾਂ ਵਾਸਤੇ ਵਧੇਰੇ ਮਦਦ ਮਿਲ ਸਕਦੀ ਹੈ। ਜੇ ਸੀ ਪੀ ਐਸ (CPS) ਦਾ ਵਕੀਲ ਸਮਝੇ ਕਿ ਗਵਾਹ ਨੂੰ ਇਹ ਵਧੇਰੇ ਮਦਦ ਮਿਲਣੀ ਚਾਹੀਦੀ ਹੈ, ਜਿਸ ਨੂੰ 'ਸਪੈਸ਼ਲ ਮੈਜ਼ਰਜ਼' ਕਹਿੰਦੇ ਹਨ, ਤਾਂ ਉਹ ਇਨ੍ਹਾਂ ਦੀ ਵਰਤੋਂ ਲਈ ਮਾਜਿਸਟਰੇਟ ਜਾਂ ਜੱਜ ਨੂੰ ਵਰਤਣ ਲਈ ਇਜਾਜ਼ਤ ਮੰਗ ਸਕਦੇ ਹਨ। ਵਿਟਨਸ ਸਰਵਿਸ ਦਾ ਵਾਲੰਟੀਅਰ, ਪੁਲਸ ਜਾਂ ਸੀ ਪੀ ਐਸ ਤੁਹਾਨੂੰ ਦੱਸ ਦੇਣਗੇ ਕਿ ਕਿਸ ਤਰ੍ਹਾਂ ਦੀ ਮਦਦ ਮਿਲ ਸਕਦੀ ਹੈ ਅਤੇ ਪੁਲਸ ਜਾਂ ਸੀ ਪੀ ਐਸ ਤੁਹਾਡੀਆਂ ਲੋੜਾਂ ਬਾਰੇ ਵਿਚਾਰ ਵਟਾਂਦਰਾ ਕਰ ਸਕਣਗੇ।

## ਤੁਹਾਡੇ ਮੁਕੱਦਮੇ ਨਾਲ ਨਜਿੱਠਣ ਜਾਂ ਇਹ ਬਿਆਨ ਲੈਣ ਵਾਲਾ ਅਫਸਰ ਹੇਠਾਂ ਦਿੱਤਾ ਹੋਇਆ ਵੇਰਵਾ ਲਿਖੇਗਾ।

ਤੁਹਾਡੇ ਮੁਕੱਦਮੇ ਨਾਲ ਨਜਿੱਠਣ ਜਾਂ ਇਹ ਬਿਆਨ ਲੈਣ ਵਾਲੇ ਅਫਸਰ ਦਾ ਨਾਂ

ਅਹੁਦਾ

ਪੁਲਸ ਨੰਬਰ ਜਾਂ ਸਟੇਸ਼ਨ

ਸੰਪਰਕ ਫੋਨ ਨੰਬਰ

ਸੰਪਰਕ ਈ-ਮੇਲ ਪਤਾ

ਮੁਕੱਦਮਾ ਹਵਾਲਾ ਨੰਬਰ

## ਇਸ ਜਾਣਕਾਰੀ ਨੂੰ ਕਿਸੇ ਸੁਰੱਖਿਅਤ ਥਾਂ ਤੇ ਰਖੋ।

ਤੁਹਾਡੇ ਮੁਕੱਦਮੇ ਨਾਲ ਨਜਿੱਠ ਰਿਹਾ ਅਫਸਰ ਤੁਹਾਡੀ ਮਦਦ ਕਰ ਸਕਦਾ ਹੈ ਪਰੰਤੂ ਹੋ ਸਕਦਾ ਹੈ ਉਹ ਹਰ ਵੇਲੇ ਨਾਂ ਮਿਲ ਸਕੇ। ਜੇ ਤੁਹਾਡੇ ਕੋਲ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਤੁਸੀਂ ਹੇਠਾਂ ਦਿੱਤੇ ਹੋਏ ਨੰਬਰ ਤੇ ਵੀ ਫੋਨ ਕਰ ਸਕਦੇ ਹੋ।

## ਅਸੀਂ ਤੁਹਾਡੀ ਮਦਦ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।

# ਕੀ ਮੈਨੂੰ ਹੋਰ ਕਿਸੇ ਥਾਂ ਤੋਂ ਜਾਣਕਾਰੀ ਮਿਲ ਸਕਦੀ ਹੈ?

ਤੁਸੀਂ ਫੌਜਦਾਰੀ ਨਿਆਂਕਾਰੀ ਵਿਵਸਥਾ (ਪੁਲਸ, ਕੋਰਟ ਅਤੇ ਸੀ ਪੀ ਐਸ) ਬਾਰੇ ਸਧਾਰਨ ਜਾਣਕਾਰੀ ਅਤੇ ਗਵਾਹ ਬਣਨ ਬਾਰੇ ਵਧੇਰੇ ਜਾਣਕਾਰੀ www.cjsonline.org/witness ਤੋਂ ਲੈ ਸਕਦੇ ਹੋ।

ਜੁਰਮ ਦੇ ਸ਼ਿਕਾਰਾਂ ਲਈ ਵਧੇਰੇ ਜਾਣਕਾਰੀ ਵਾਸਤੇ www.cjsonline.org/victims ਵੈਬਸਾਈਟ ਦੇਖੋ।

ਯੂ ਕੇ ਔਨਲਾਈਨ (UK Online) ਯੂ ਕੇ ਭਰ ਵਿਚ 6,000 ਕੇਂਦਰਾਂ ਵਿਚ ਮੁੱਫਤ ਜਾਂ ਘੱਟ ਖਰਚੇ ਤੇ ਇੰਟਰਨੈਟ ਦੀ ਸਹੂਲਤ ਪ੍ਰਦਾਨ ਕਰਦੀ ਹੈ। ਆਪਣੇ ਨਜ਼ਦੀਕੀ ਕੇਂਦਰ ਬਾਰੇ ਜਾਣਕਾਰੀ ਲਈ 0800 77 1234 ਫੋਨ ਕਰੋ।

ਇਹ ਪਰਚਾ ਬੰਗਾਲੀ, ਕੈਂਨਟੋਨੀਜ਼, ਗੁਜਰਾਤੀ, ਹਿੰਦੀ, ਓੜਦੂ, ਸੋਮਾਲੀ, ਵੀਅਤਨਾਮੀ, ਗਰੀਕ, ਤਰਕਿਸ਼ ਅਤੇ ਅਰਬੀ ਵਿਚ ਮਿਲ ਸਕਦਾ ਹੈ। ਤੁਸੀਂ ਇਹ ਪਰਚਾ ਵੱਡੀ ਛਪਾਈ, ਬਰੇਲ ਜਾਂ ਸੁਣਨ ਵਾਲੀ ਟੇਪ ਤੇ ਵੀ ਲੈ ਸਕਦੇ ਹੋ। ਜਾਣਕਾਰੀ ਲਈ ਆਪਣੇ ਸਥਾਨਕ ਪੁਲਸ ਸਟੇਸ਼ਨ ਨਾਲ ਸੰਪਰਕ ਕਰੋ।

Home Office

BUILDING A SAFE, JUST
AND TOLERANT SOCIETY

Punjabi

ਹੋਮ ਆਫਿਸ ਕਮਿਊਨੀਕੇਸ਼ਨ ਡਾਇਰੈਕਟੋਰੇਟ ਦਸੰਬਰ 2003 ਨੇ ਪ੍ਰਕਾਸ਼ਤ ਕੀਤੀ ਸੀ।